ਅੱਗ ਤੋਂ ਸੁਰੱਖਿਆ ਲਈ ਸੁਝਾਅ

# ਗਗਨਚੁੰਬੀ ਇਮਾਰਤਾਂ ਸਬੰਧੀ ਸੁਰੱਖਿਆ

## ਮੈਨੂੰ ਰੁਕਣਾ ਚਾਹੀਦਾ ਹੈ ਜਾਂ ਜਾਣਾ ਚਾਹੀਦਾ ਹੈ?




### ਜੇਕਰ ਤੁਹਾਡੀ ਯੂਨਿਟ ਵਿੱਚ ਅੱਗ ਲੱਗੀ ਹੋਵੇ ਅਤੇ ਤੁਸੀਂ ਜਾਣ ਦਾ ਫੈਸਲਾ ਕਰਦੇ ਹੋ:

- ਬਾਹਰ ਨਿੱਕਲਣ ਤੋਂ ਪਹਿਲਾਂ ਆਪਣੀ ਯੂਨਿਟ ਦਾ ਦਰਵਾਜਾ ਦੇਖੋ ਕਿ ਉਹ ਗਰਮ ਤਾਂ ਨਹੀਂ ਹੈ।
- ਦਰਵਾਜਾ ਬੰਦ ਕਰੋ (ਪਰ ਤਾਲਾ ਨਾ ਲਗਾਓ)

- ਫਾਇਰ ਅਲਾਰਮ ਨੂੰ ਖਿੱਚੋ ਅਤੇ “ਅੱਗ” ਕਹਿੰਦੇ ਹੋਏ ਚੀਕੋ।
- ਸਭ ਤੋਂ ਨੇੜਲੇ ਐਮਰਜੈਂਸੀ ਐਗਜਿਟ ਤੇ ਜਾਓ।
- ਪੌੜੀਆਂ ਰਾਹੀਂ ਬਾਹਰ ਨਿੱਕਲੋ।

- ਜਦੋਂ ਤੁਸੀਂ ਸੁਰੱਖਿਅਤ ਰੂਪ ਨਾਲ ਆਪਣੇ ਮਿਲਣ ਦੀ ਥਾਂ ਤੇ ਪਹੁੰਚ ਜਾਓ ਤਾਂ 9-1-1 ਤੇ ਫੋਨ ਕਰੋ।
- ਆਪਣਾ ਪਤਾ ਅਤੇ ਯੂਨਿਟ ਨੰਬਰ ਦੱਸੋ।

### ਜੇਕਰ ਬਿਲਡਿੰਗ (ਪਰ ਤੁਹਾਡੀ ਯੂਨਿਟ ਨਹੀਂ) ਵਿੱਚ ਅੱਗ ਲੱਗੀ ਹੋਵੇ ਜਾਂ ਧੂੰਆਂ ਉੱਠ ਰਿਹਾ ਹੋਵੇ ਅਤੇ ਤੁਸੀਂ ਉੱਥੇ ਹੀ ਸ਼ੈਲਟਰ ਲੈਣ ਦਾ ਫੈਸਲਾ ਕਰਦੇ ਹੋ:

- ਯਕੀਨੀ ਬਣਾਓ ਕਿ ਯੂਨਿਟ ਦਾ ਦਰਵਾਜਾ ਬੰਦ ਹੈ, ਪਰ ਤਾਲਾ ਨਹੀਂ ਲੱਗਿਆ ਹੋਇਆ।

- ਬੈੱਡਰੂਮ ਵਿੱਚ ਜਾਂ ਅਜਿਹੇ ਦਰਵਾਜੇ ਵਾਲੇ ਕਿਸੇ ਦੂਜੇ ਕਮਰੇ ਵਿੱਚ ਜਾਓ, ਜੋ ਸੁਰੱਖਿਅਤ ਰੂਪ ਨਾਲ ਬੰਦ ਹੁੰਦਾ ਹੈ।
- ਦਰਵਾਜੇ ਦੇ ਹੇਠਲੇ ਪਾਸੇ ਰੱਖਣ ਲਈ ਤੌਲੀਏ ਜਾਂ ਗਲੀਚੇ ਦਾ ਰੋਲ ਬਣਾਓ।

- ਫਰਸ਼ ਤੇ ਖਿੜਕੀ ਦੇ ਕੋਲ ਰਹੋ (ਧੂੰਆਂ ਉੱਪਰ ਵੱਲ ਜਾਂਦਾ ਹੈ}।
- 9-1-1 ਤੇ ਫੋਨ ਕਰੋ ਅਤੇ ਆਪਣਾ ਪਤਾ ਦੱਸੋ।


Mississauga Fire
& Emergency Services

**ਸਵਾਲ ਹਨ? ਸਾਨੂੰ ਸੰਪਰਕ ਕਰੋ:**

Mississauga Fire & Emergency Services
Fire Prevention Division
905.896.5908
**mississauga.ca/fire**
fire.prevention@mississauga.ca